ਡਾਇਰੈਕਟੋਰੇਟ, ਸਥਾਨਕ ਸਰਕਾਰ ਵਿਭਾਗ, ਪੰਜਾਬ
Directorate, Local Government, Punjab
ਪੰਜਾਬ ਮਿਊਂਸਪਲ ਭਵਨ, ਪਲਾਟ ਨੰ: 3, ਸੈਕਟਰ-35ਏ, ਚੰਡੀਗੜ੍ਹ
(Town Planning Wing)

**ਈ-ਮੇਲ ਪੱਤਰ**

ਨੰ: ਸੀ.ਟੀ.ਪੀ.(ਸਸ)-2020/ 3334
ਮਿਤੀ: 18-11-2020

ਫੋਨ ਨੰ: 0172-2619220
e-mail- **tpw.lg.pb@gmail.com**

ਸੇਵਾ ਵਿਖੇ

1) ਕਮਿਸ਼ਨਰ,
ਨਗਰ ਨਿਗਮ,
ਅੰਮ੍ਰਿਤਸਰ, ਲੁਧਿਆਣਾ, ਜਲੰਧਰ, ਬਠਿੰਡਾ,
ਫਗਵਾੜਾ, ਪਟਿਆਲਾ, ਹੁਸ਼ਿਆਰਪੁਰ, ਮੋਗਾ,
ਪਠਾਨਕੋਟ, ਐਸ.ਏ.ਐਸ.ਨਗਰ (ਮੋਹਾਲੀ), ਅਬੋਹਰ,
ਬਟਾਲਾ ਅਤੇ ਕਪੂਰਥਲਾ।

2) ਰਿਜਨਲ ਡਿਪਟੀ ਡਾਇਰੈਕਟਰ,
ਸ਼ਹਿਰੀ ਸਥਾਨਕ ਸੰਸਥਾਵਾਂ,
ਅੰਮ੍ਰਿਤਸਰ, ਲੁਧਿਆਣਾ, ਜਲੰਧਰ,
ਬਠਿੰਡਾ, ਫਿਰੋਜਪੁਰ ਅਤੇ ਪਟਿਆਲਾ।

ਵਿਸ਼ਾ:- ਸਕੀਮ ਏਰੀਏ ਅਧੀਨ ਪੈਂਦੇ ਪਲਾਟਾਂ ਦੇ ਭੌਂ ਮੰਤਵ ਤਬਦੀਲੀ ਸਬੰਧੀ ਹਦਾਇਤਾਂ ਮਿਤੀ 22.08.2006 ਅਤੇ ਮਿਤੀ 17.06.2009 ਵਿੱਚ ਸੋਧ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਸਥਾਨਕ ਸਰਕਾਰ ਵਿਭਾਗ ਵੱਲੋਂ ਮੀਮੋ ਨੰ: 9/87/06-5ਸਸ1/6761-63 ਮਿਤੀ 22.08.2006 ਰਾਹੀਂ ਮਿਊਂਸਪਲ ਕਮੇਟੀਆਂ/ ਕਾਰਪੋਰੇਸ਼ਨਾਂ ਵਿੱਚ ਪੈਂਦੀਆਂ ਸਕੀਮਾਂ ਵਿੱਚ ਕਾਰੋਬਾਰੀ ਘੋਸ਼ਿਤ ਸੜਕਾਂ ਉਪਰ ਲਗਦੇ ਸਿੰਗਲ ਡੈਪਥ ਪਲਾਟਾਂ ਦਾ ਭੌਂ-ਮੰਤਵ ਰਿਹਾਇਸ਼ੀ ਤੋਂ ਵਪਾਰਕ ਤਬਦੀਲ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਇਸ ਉਪਰੰਤ ਇਨ੍ਹਾਂ ਹਦਾਇਤਾਂ ਵਿੱਚ ਸੋਧ ਕਰਦੇ ਹੋਏ ਮੀਮੋ ਨੰ. 9/24/09-3ਸਸ1/3030-32 ਮਿਤੀ 16.09.2009 ਰਾਹੀਂ ਵੀ ਸਕੀਮ ਏਰੀਏ ਵਿਚ ਵਪਾਰਕ ਸੜਕਾਂ ਤੇ ਪੈਂਦੇ ਡਬਲ ਡੈਪਥ ਦੇ ਪਲਾਟਾਂ ਦਾ ਭੌਂ ਮੰਤਵ ਇਸ ਸ਼ਰਤ ਤੇ ਪ੍ਰਵਾਨ ਕੀਤਾ ਗਿਆ ਸੀ ਕਿ ਅਜਿਹੇ ਪਲਾਟ ਦਾ ਰਕਬਾ 3000 ਵ.ਗਜ ਤੋਂ ਘੱਟ ਨਾ ਹੋਵੇ।

ਹੁਣ ਸਰਕਾਰ ਪੱਧਰ ਤੇ ਮੁੜ ਤੋਂ ਉਪਰੋਕਤ ਹਦਾਇਤਾਂ ਨੂੰ ਵਿਚਾਰਨ ਉਪਰੰਤ ਸੋਧ ਕਰਦੇ ਹੋਏ ਕਾਰੋਬਾਰੀ ਘੋਸ਼ਿਤ ਸੜਕਾਂ ਉਪਰ ਫਰੰਟ ਤੋਂ ਅਬੱਟ ਕਰਦੇ ਪਲਾਟਾਂ ਦੇ ਪਿੱਛੇ/ ਨਾਲ ਲਗਦੇ ਪਲਾਟ ਭਾਵ ਡਬਲ

ਡੈਪਥ ਪਲਾਟਾਂ ਨੂੰ ਕਲੱਬ ਕਰਕੇ ਰਿਹਾਇਸੀ ਤੋਂ ਕਾਰੋਬਾਰੀ ਭੌਂ ਮੰਤਵ ਤਬਦੀਲ ਕਰਨ ਲਈ ਹੇਠ ਲਿਖੀਆਂ ਸ਼ਰਤਾਂ ਤੇ ਪ੍ਰਵਾਨਗੀ ਦੇਣ ਦਾ ਫੈਸਲਾ ਲਿਆ ਗਿਆ ਹੈ:-

1. ਸੀ.ਡਬਲੀਓ.ਪੀ 5902 ਆਫ 2007 ਵਿਚ ਜਾਰੀ ਅੰਤ੍ਰਿਮ ਹੁਕਮ ਮਿਤੀ 24.03.2009 ਦੇ ਮੱਦੇਨਜਰ ਸਕੀਮ ਬਣਾਊਣ ਸਬੰਧੀ ਮਿੱਥੇ ਗਏ ਲੋੜੀਂਦੇ ਪ੍ਰੋਸੀਜਰ ਨੂੰ ਅਪਣਾਊਂਦਿਆ ਹੋਇਆ ਆਮ ਜਨਤਾ ਪਾਸੋਂ ਇਤਰਾਜ ਸੁਝਾਅ ਮੰਗਣ ਦੀ ਕਾਰਵਾਈ ਕਰਨ ਉਪਰੰਤ ਹੀ ਵਿਚਾਰਿਆ ਜਾਵੇ।
2. ਕਾਰੋਬਾਰੀ ਘੋਸ਼ਿਤ ਸੜਕ ਨਾਲ ਅਬੱਟ ਕਰਦਾ ਅਗਲਾ ਪਲਾਟ/ਸਿੰਗਲ ਡੈਪਥ ਪਲਾਟ ਦਾ ਰਕਬਾ ਘੱਟੋਂ ਘੱਟ 500 ਵ.ਗਜ ਹੋਵੇ ਤਾਂ ਜੋ ਭੌਂ-ਮੰਤਵ ਕੀਤੇ ਜਾਣ ਵਾਲੇ ਪਲਾਟ ਵਿਚ ਬਾਈਲਾਜ ਅਨੁਸਾਰ ਲੋੜੀਂਦੀ ਪਾਰਕਿੰਗ ਮੁਹੱਇਆ ਕਰਵਾਈ ਜਾ ਸਕੇ ਅਤੇ ਨਾਲ ਲਗਦੇ ਰਿਹਾਇਸ਼ੀ ਪਲਾਟਾਂ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।
3. ਭੌਂ-ਮੰਤਵ ਤਬਦੀਲ ਲਈ ਵਿਚਾਰੇ ਜਾਣ ਵਾਲੇ ਅਜਿਹੇ ਕੇਸਾ ਵਿਚ ਰੀਅਰ/ਸਾਈਡ ਤੋਂ ਕੋਈ Ingress ਜਾਂ egress ਨਹੀਂ ਕੀਤੀ ਜਾਵੇਗੀ।
4. ਅਜਿਹੇ ਡਬਲ ਡੈਪਥ ਪਾਲਟਾਂ ਵਿਚ ਬਾਈਲਾਜ ਅਨੁਸਾਰ ਰੀਅਰ ਸੈਟਬੈਕ ਛੱਡਣਾ ਲਾਜਮੀ ਹੋਵੇਗਾ ਅਤੇ ਰੀਅਰ ਸੈਟਬੈਕ ਵਿਚ ਕੀਤੀ ਵਾਈਲੇਸ਼ਨ ਨਾ ਰਾਜੀਨਾਮਾ ਯੋਗ ਹੋਵੇਗੀ।
5. ਅਜਿਹੇ ਕੇਸਾਂ ਵਿਚ ਸਰਵਸੀਜ ਦਾ ਕੁਨੈਕਸ਼ਨ ਕਾਰੋਬਾਰੀ ਘੋਸ਼ਿਤ ਸੜਕਾਂ ਤੋਂ ਹੀ ਲਿਆ ਜਾਣਾ ਲਾਜਮੀ ਹੋਵੇਗਾ।
6. ਪੀ.ਪੀ.ਸੀ.ਬੀ ਦੀਆਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਉਪਰੋਕਤ ਤੋਂ ਇਲਾਵਾ ਸਕੀਮ ਏਰੀਏ ਵਿਚ ਭੌਂ-ਮੰਤਵ ਤਬਦੀਲੀ ਸਬੰਧੀ ਜਾਰੀ ਹਦਾਇਤਾਂ ਮਿਤੀ 22.08.2006 ਅਨੁਸਾਰ ਹਰ ਸਾਲ 1 ਅਪ੍ਰੈਲ ਤੋਂ 10% ਵਾਧੇ ਦੀ ਜੋ ਸ਼ਰਤ ਰੱਖੀ ਗਈ ਸੀ, ਉਸ ਨੂੰ ਵੀ ਭਵਿੱਖ ਵਿੱਚ ਪ੍ਰਾਪਤ ਹੋਣ ਵਾਲੇ ਭੌਂ ਮੰਤਵ ਤਬਦੀਲੀ ਕੇਸਾਂ ਵਿੱਚ ਖਤਮ ਕੀਤਾ ਜਾਂਦਾ ਹੈ।

ਡਾਇਰੈਕਟਰ